ਕਾਨੂੰਨੀ ਪ੍ਰਬੰਧ ਨਾਲ ਇਸ ਗ੍ਰੰਥ ਦੇ ਸਭ ਹੱਕ ਰਾਖਵੇਂ ਹਨ

ਨੋਟ–(੧) ਸਾਧੂ ਦੈਯਾਸਿੰਘ ਜੀ ਦੀ ਤਸਵੀਰ ਤੋਂ ਬਿਨਾਂ ਕਿਤਾਬ ਕੋਰੀ ਦੀ ਸਮਝ। (੨) ਲਾਲਾਂ ਦੇ ਹਾਰ ਪਹਿਣਾ ਵੇਦ ਪੁਸਤਕ ਇਕ ਆਨੇ ਦਾ ਟਿਕਟ ਭੇਜਕੇ ਮੰਗਾਓ।

ਪੁਸਤਕ ਨੰ: ੧੬੮

੧ ਓ ਸਤਿਗੁਰਪ੍ਰਸਾਦਿ ॥

ਖਾਲਸਾ ਮਨਮੋਹਨ ਏਜੰਸੀ ਵਲੋਂ

166

ਅਸਲੀ ਵੱਡਾ ਗ੍ਰੰਥ

ਜ਼ਿੰਦਗੀ ਬਿਲਾਸ

ਇਸ ਵਿਚ ਸੌ ਸਾਲ ਦੀ ਜ਼ਿੰਦਗੀ ਦੁਆਰਾ ਪੱਖ ਪਾਤ ਤੋਂ ਰਹਿਤ ਹਿੰਦੂ, ਮੁਸਲਮਾਨ, ਸਿਖ, ਇਸਤ੍ਰੀ, ਪੁਰਖ, ਕ੍ਰਿਤ

ਸਭ ਨੂੰ ਸੋਹਣੀ ਕਵਿਤਾ ਦਵਾਰਾ ਪੰਜਾਬੀ ਸ਼ੈਂਤਾਂ ਵਿਚ ਉਤਮ ਉਪਦੇਸ਼ ਲਿਖੇ ਹਨ ਕਵੀ

ਸਾਧੂ ਦੈਯਾ ਸਿੰਘ ਆਰਫ

ਨਿਵਾਸੀ ਜਲਾਲਾਬਾਦ ਤਹਿਸੀਲ ਜ਼ੀਰਾ ਜ਼ਿਲ੍ਹਾ ਫੀਰੋਜ਼ਪੁਰ

ਸੰ: ਈ: ੧੯੩੭ ਦਸੰਬਰ) ਪੁਸਤਕਾਂ ਮਿਲਣ ਦਾ ਪਤਾ (ਸੰ: ਨਾ: ੪੯੬ ਪੋਹ

ਭਾਈ ਪ੍ਰਤਾਪ ਸਿੰਘ ਪ੍ਰੀਤਮ ਸਿੰਘ

ਪੁਸਤਕਾਂ ਛਾਪਣ ਤੇ ਵੇਚਣ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

੩੦ਵੀਂ ਵਾਰ ੫੦੦੦

ਭੇਟਾ ਬਿਨਾਂ ਡਾਕ ਖਰਚ ॥) ਅੱਠ ਆਨੇ

ੴ ਓ ਸਤਿਗੁਰ ਪ੍ਰਸਾਦਿ ॥

ਜ਼ਿੰਦਗੀ ਬਿਲਾਸ

ਕ੍ਰਿਤ ਕਵਿ ਸਾਧੂ ਦੈਜਾ ਸਿੰਘ (ਆਰਫ)

ਨਿਵਾਸੀ ਜਲਾਲਾਬਾਦ

ਬੈਂਤ

ਅੱਵਲ ਅਕਲ ਦੇ ਨਾਲ ਵਿਚਾਰ ਖਾਂ ਤੂੰ, ਕਾਇਆਂ ਕੋਠੜਾ ਕੌਣ ਬਨੌਣ ਵਾਲਾ
ਪੰਜ ਤਤ ਦਾ ਕੁਲ ਪਸਾਰ ਕੀਹਦਾ, ਕੇਹੜਾ ਰੂਹ ਕਲਬੂਤ ਵਿਚ ਪੌਣ ਵਾਲਾ
ਦਮ ਨਿਕਲ ਵਜੂਦ ਥੀਂ ਬਾਹਰ ਜਾਵੇ, ਕੇਹੜਾ ਪਰਤਕੇ ਫੇਰ ਲਿਔਣ ਵਾਲਾ
ਰੀਦੇ ਰੁਧਰ ਨੂੰ ਉਦਰ ਦੇ ਵਿਚ ਪਾਕੇ, ਮਾਸ ਹਡੀਆਂ ਸਾਜ ਦਿਖਲੌਣ ਵਾਲਾ
ਕੇਹੜਾਨਕਸ਼ਗਰਨਕਸ਼ਦਾਕੰਮ ਕਰਦਾ,ਅਕਸੋਂ ਖਿਚ ਤਸਵੀਰਨੂੰਲੋਹਣ ਵਾਲਾ
ਕਾਰਨ ਕਾਰਜੋਂ ਪਿਆ ਪ੍ਰਤੀਤ ਹੁੰਦਾ, ਕੋਈ ਘੜਾ ਘੁਮਿਆਰ ਪਕੌਣ ਵਾਲਾ
ਹੱਥ ਪੈਰ ਮੂੰਹ ਅੱਖੀਆਂ ਨੱਕ ਦਿਤਾ, ਸੋਹਣੀ ਦੇਂਦ ਦੀ ਜੜਤ ਜੜੌਣ ਵਾਲਾ
ਵਿਚ ਪੇਟ ਦੇ ਪੇਟ ਨੂੰ ਪੂਰਦਾ ਏ, ਅੰਦਰ ਅੰਦਰੋਂ ਰਿਜ਼ਕ ਪੁਚੌਣ ਵਾਲਾ
ਕੇਹੜਾ ਤੁਧ ਨੂੰ ਬਖਸ਼ਦਾ ਤੰਦਰੁਸਤੀ, ਐਸ਼ ਇਸ਼ਰਤਾਂ ਖੁਸ਼ੀ ਦਿਖਲੌਣ ਵਾਲਾ
ਕੇਹੜਾ ਨਾਲ ਤਕਦੀਰ ਬੀਮਾਰ ਕਰਦਾ, ਮੱਛੀ ਵਾਂਗਰਾਂ ਜਾਨ ਤੜਫੌਣ ਵਾਲਾ
ਮਰਨਾ ਜੰਮਣਾ ਹੈ ਕਿਸ ਦੇ ਹੁਕਮ ਅੰਦਰ,ਅੰਦਰ ਹੁਕਮਦੇਜਾਣ ਤੇ ਔਣ ਵਾਲਾ
ਕੀਦੇ ਆਸਰੇ ਗ਼ਾਫ਼ਲਾ ਨੀਂਦ ਆਵੇ, ਕੇਹੜਾ ਪਰਤਕੇ ਫੇਰ ਜਗੌਣ ਵਾਲਾ
ਕੀਦੇ ਹੁਕਮ ਦੇ ਵਿਚ ਹੈ ਚੁੱਪ ਰਹਿੰਦਾ, ਖ਼ਾਕੀ ਬੁਤ ਨੂੰ ਕੌਣ ਬੁਲੌਣ ਵਾਲਾ
ਕੀਦੇ ਆਸਰੇ ਵਿਲ ਦਰਿਆ ਵਗਦਾ, ਨੈਹਰਾਂ ਨਾੜੀਆਂ ਕੌਣ ਚਲੌਣ ਵਾਲਾ
ਜੇਹੜੇ ਆਖਦੇ ਰਾਮ ਰਹੀਮ ਹੈ ਨਹੀਂ,ਮਿਲਿਆ ਗੁਰੂ ਨਾ ਬਾਤ ਸਮਝੌਣ ਵਾਲਾ
ਭਲਾ ਮੰਨਿਆਂ ਬੀਜ ਥੀਂ ਬੀਜ ਹੁੰਦਾ, ਔਪਰ ਬੀਜ ਨੂੰ ਕੌਣ ਉਪਜੌਣ ਵਾਲਾ
ਕਿਨੇ ਪੁਤਲਾ ਸਾਜ ਤਿਆਰ ਕੀਤਾ, ਮਿੱਟੀ ਅੱਗ ਅਕਾਸ਼ ਜੋ ਪੌਣ ਵਾਲਾ
ਜੇੜਾ ਵਿਚ ਦੁਨੀਆਂ ਨਾਮਦਾਰ ਕਰਦਾ, ਕੇਹੜਾ ਜਗ ਤੋਂ ਨਾਮ ਗਵੌਣ ਵਾਲਾ
ਕੀਦੇ ਹੁਕਮ ਦੇ ਵਿਚ ਹੈ ਪੌਣ ਪਾਣੀ, ਕੇਹੜਾ ਉਪਰੋਂ ਮੇਘ ਵਰਸੌਣ ਵਾਲਾ
ਏਕ ਅੰਗ ਸਰੀਰ ਥੀਂ ਭੰਗ ਹੋਵੇ, ਕੇਹੜਾ ਜੰਮਿਆ ਉਂਗਲੀ ਲੌਣ ਵਾਲਾ

ਜੀਹਦੀ ਜੱਗ ਤੋਂ ਚੇਗ ਨਿਖੁੱਟ ਜਾਵੇ, ਕੇਹੜਾ ਜੰਮਿਆ ਗਰਾਸ ਲੈਂਘੋਣ ਵਾਲਾ
ਕੀਹਨੇ ਵਿਚ ਜਹਾਨ ਦੇ ਭੇਜਿਆ ਏਹ, ਕੇਹੜਾ ਪਰਤਕੇ ਫੇਰ ਸਦੋਣ ਵਾਲਾ
ਕੇਹੜਾ ਸਖਤ ਤਕਲੀਫ ਤੇ ਵਖਤ ਪਾਂਦਾ, ਕੇਹੜਾ ਵਖਤਤੋਂ ਤਖਤ ਬਠੋਣ ਵਾਲਾ
ਕੇਹੜਾ ਨਾਲ ਤਕਦੀਰ ਦੇ ਜੁਦਾ ਕਰਦਾ, ਕੇਹੜਾ ਵਿਛੜੇ ਯਾਰ ਮਲੋਣ ਵਾਲਾ
ਕੇਹੜਾ ਖ਼ਲਕ ਦੇ ਵਿਚ ਹਯਾਤ ਰਖਦਾ, ਕੇਹੜਾ ਅਦਲ ਦਾ ਜਾਮ ਪਲੋਣ ਵਾਲਾ
ਮਾਲਕ ਆਪਣਾ ਸਮਝ ਵਿਚਾਰਕਰਕੇ, ਦੇਖੀਂ ਕਰੀਂ ਨਾ ਕੰਮ ਪਛਤੋਣ ਵਾਲਾ
ਖ਼ਾਲਕ ਸਮਝ ਲੈ ਖ਼ਲਕਦੇ ਹੋਵਣੇਥੀਂ, ਰਾਜ਼ਕਸਮਝ ਲੈ ਰਿਜ਼ਕ ਖਿਲੋਣ ਵਾਲਾ
ਰਾਮ ਕਹਿਣ ਥੀਂ ਸਮਝ ਰਮਨੀਕ ਸਾਰੇ, ਘਟ ਘਟ ਕੇ ਬੀਚ ਸਮੋਣ ਵਾਲਾ
ਕਾਹਨੂੰ ਵਿਚ ਜਹਾਨ ਦੇ ਜੰਮਿਆ ਏਂ, ਐਸੇ ਰਬ ਨੂੰ ਦਿਲੋਂ ਭੁਲੋਣ ਵਾਲਾ
ਦੈਯਾ ਸਿੰਘ ਤੂੰ ਸਦਾ ਉਡੀਕ ਰਖੀਂ, ਸਿਰ ਤੇ ਵਕਤ ਅਖੀਰ ਦਾ ਔਣ ਵਾਲਾ

ਈਸ਼ਵਰ ਦਾ ਧੰਨਵਾਦ ਔਰ ਨਿਮਸ਼ਕਾਰ ਕਰਨੀ ॥ ਚੌਪਈ ॥

ਓਅੰਕਾਰ ਸਰਬ ਘਟ ਵਾਸੀ। ਅਜਰ ਅਮਰ ਨਿਹਚਲ ਅਬਿਨਾਸੀ।
ਜਾਕਾ ਅੰਤ ਕਿਸੇ ਨਹੀਂ ਪਾਇਓ। ਵੇਦ ਕਤੇਬ ਅਭੇਦ ਬਤਾਇਓ।
ਨਾ ਮਾਂ ਬਾਪ ਕਿਸੇ ਨਾ ਜਣਿਆ। ਸਭ ਕਾਰਜ ਦਾ ਕਾਰਨ ਬਣਿਆ।
ਏਕੋ ਆਦਿ ਅੰਤ ਨਹੀਂ ਕੋਈ। ਆਦਿ ਜੁਗਾਦਿ ਏਕ ਸਤ ਸੋਈ।
ਮੁਸਲਮਾਨ ਕਹਿਣ ਰੱਬ ਵਾਹਦ। ਹਿੰਦੂ ਕਹਿੰਦੇ ਅਗਮ ਅਗਾਹਦ।
ਏਕ ਬਿਨਾਂ ਜਾਪਤ ਨਹੀਂ ਦੂਜਾ। ਕਿਸਦੀ ਔਰ ਕਰੂੰ ਮੈਂ ਪੂਜਾ।
ਵੁਹੀ ਰਹੀਮ ਵੋਹੀ ਹੈ ਰਾਮਾ। ਹਿੰਦੂ ਤੁਰਕ ਜਾਤ ਨਹੀਂ ਜਾਮਾ।
ਭੇਖ ਅਨੇਕ ਏਕ ਹੈ ਮਾਲਕ। ਬਹੁ ਗ ਖ਼ਲਕ ਏਕ ਹੀ ਖ਼ਾਲਕ
ਏਕੋ ਸ਼ਮਾਂ ਘਣੇ ਪਰਵਾਨਾ। ਸਭ ਤੀਰੋਂ ਵਾ ਏਕ ਨਿਸ਼ਾਨਾ
ਨਿਮਸ਼ਕਾਰ ਹੈ ਤਿਸੇ ਹਮਾਰੀ। ਦੀਨਾ ਨਾਥ ਗੁਪਾਲ ਮੁਰਾਰੀ
ਨਿਮਸ਼ਕਾਰ ਮੈਂ ਤਿਸ ਨੂੰ ਕਰਦਾ। ਜੋ ਹਰੀ ਰਾਮ ਹਰੀ ਹਰ ਹਰਦਾ
ਨਿਮਸ਼ਕਾਰ ਹੈ ਤਿਸ ਨੂੰ ਮੋਰੀ। ਜੀਵਨ ਮਰਨ ਜਿਸੇ ਹਥ ਡੋਰੀ
ਨਿਮਸ਼ਕਾਰ ਕਰ ਰੇ ਮਨ ਮੇਰੇ। ਜੋ ਦੁਖ ਹਰਨ ਹਾਰ ਹਰ ਤੇਰੇ
ਨਿਮਸ਼ਕਾਰ ਪੁਨ ਤਿਸ ਨੂੰ ਹੋਈ। ਜਿਸ ਕੇ ਸਮ ਜੰਮਿਆ ਨਹੀਂ ਕੋਈ
ਦੁਇ ਕਰ ਜੋੜ ਕਰਾਂ ਅਰਜੋਈ। ਕਾਨ ਲਗਾਇ ਸੁਨੋ ਸਭ ਕੋਈ
ਹੋ ਸਮ ਦ੍ਰਿਸ਼ਟੀ ਗ੍ਰੰਥ ਬਣਾਵਾਂ। ਪਖਜਵਾਦ ਕੀ ਬਾਤ ਨਾ ਪਾਵਾਂ
ਮੈਂ ਕਿਸ ਤਰਾਂ ਕਰਾਂ ਪੱਖਵਾਦੀ। ਹੈ ਸਭ ਮਖ਼ਲੂਕਾਤ ਖੁਦਾ ਦੀ

ਬ੍ਰਹਮ ਬਿੰਦ ਤੇ ਸਭ ਉਤਪਾਤੀ। ਕੈਸੇ ਮਾਨੂੰ ਜਾਤ ਬੇ ਜਾਤੀ।
ਹਮਰੇ ਦੋਸ੍ਤ ਸਗਲ ਤਮਾਮੀ। ਹਿੰਦੂ ਔਰ ਦੀਨ ਇਸਲਾਮੀ।
ਕੀਤੇ ਮਜ਼ਹੁਬੀ ਖਤਮ ਨਬੇੜੇ। ਛੋਡ ਦੀਏ ਸਭ ਝਗੜੇ ਝੇੜੇ।
ਵੈਰੀ ਦੁਸ਼ਮਨ ਰਿਹਾ ਨਾ ਕੋਈ। ਪੰਡਤ ਮੁਲਾਂ ਦੋਸ੍ਤ ਦੋਈ।
ਹਮ ਨੇ ਦੂਈ ਦੁਵੈਰ ਗਵਾਈ। ਜ਼ਾਹਰ ਬਾਤ ਨਾ ਹੋਈ ਸਫਾਈ।
ਮੈਂ ਮਸਕੀਨ ਫ਼ਕੀਰ ਨਿਮਾਨ। ਕਿਸ ਖੂਬੀ ਪਰ ਕਰਾਂ ਗੁਮਾਨਾ।
ਇਤਨੀ ਖ਼ਲਕਤ ਰਾਮ ਬਨਾਈ। ਮੈਂ ਜੇਹਾ ਕੋਈ ਆਜਿਜ਼ ਨਾਹੀਂ।
ਨਵੀਂ ਕਿਸਮ ਦਾ ਗ੍ਰੰਥ ਬਣਾਵਾਂ। ਖੋਲ੍ਹ ਉਮਰ ਦਾ ਹਾਲ ਸੁਣਾਵਾਂ।
ਕਿਵੇਂ ਜੀਵ ਦੁਨੀਆਂ ਵਿਚ ਆਯਾ। ਕੀ ਕੁਝ ਇਸਨੇ ਕਰਮ ਕਮਾਯਾ।
ਕਿਉਂ ਕਰ ਇਸਨੇ ਉਮਰ ਪਿਆਰੀ। ਵਿਚ ਗਫ਼ਲਤ ਬਿਨ ਭਜਨਗੁਜ਼ਾਰੀ।
ਦੇਯਾ ਸਿੰਘ ਦੀ ਅਰਜ਼ ਪਿਆਰੇ। ਕਾਨ ਲਗਾਇ ਸੁਨੋਂ ਅਬ ਸਾਰੇ।

੧-ਪਹਿਲੇ ਸਾਲ ਦਾ ਹਵਾਲ

ਪੇਹਲੇਸਾਲਪਿਆਰਿਆ ਜੀਮਿਆਂ ਤੂੰ, ਦੇਖ ਮਾਉਂ'ਦੇ ਸ਼ਿਕਮ ਥੀਂ ਬਾਹਰ ਆਯਾ
ਆਣਸ ਜਨਮ ਸਬਬ ਸੇ ਹੱਥ ਲੱਗਾ, ਬੰਦੇ ਸਮਝ ਤੂੰ ਧਾਰ ਅਵਤਾਰ ਆਯਾ
ਨਾਲ ਹੁਕਮ ਕਰਤਾਰ ਦੇ ਜਨਮ ਪਾਇਆ,ਦੇਖਣਵਾਸਤੇ ਸ਼ੈਹਰ ਬਜ਼ਾਰ ਆਯਾ
ਪਾਯਾ ਕਦਮ ਜਹਾਨਦੇ ਬਾਗ ਅੰਦਰ,ਦੇਖਣ ਵਾਸਤੇ ਅਜਬ ਗੁਲਜ਼ਾਰ ਆਯਾ
ਕਰਨੇ ਵਾਸਤੇ ਨੇਕਰਾ ਨੇਕਰੀ ਓਇ, ਤੂੰ ਤਾਂ ਹੋਇਕੇ ਘਰੋਂ ਤਿਆਰ ਆਯਾ
ਏਥੇ ਆਣਕੇ ਬਾਤ ਵਿਸਾਰ ਦਿਤੀ, ਕਰਕੇ ਸੱਚ ਦੇ ਕੌਲ ਕਰਾਰ ਆਯਾ
ਏਥੇ ਆਣਕੇ ਵੈਰ ਸਹੇੜ ਬੈਠੋਂ, ਕਰਨੇ ਵਾਸਤੇ ਖ਼ਲਕ ਪਿਆਰ ਆਯਾ
ਮੂਸਾ ਵਾਂਗਰਾਂ ਅੱਖੀਆਂ ਮੀਟ ਲਈਆਂ, ਕਰਨੇ ਹੱਕ ਦਾ ਘਰੋਂ ਦੀਦਾਰ ਆਯਾ
ਏਥੇ ਆਣਕੇ ਸਖਤ ਮਜ਼ਾਜ ਹੋਯਾ, ਕਰਨੇ ਵਾਸਤੇ ਨਰਮ ਗੁਫ਼ਤਾਰ ਆਯਾ
ਦੱਸ ਬੰਦਿਆ ਬੰਦਗੀ ਛਡ ਬੈਠੋਂ, ਕਾਹਦੇ ਵਾਸਤੇ ਵਿਚ ਸੰਸਾਰ ਆਯਾ
ਏਥੇ ਆਣਕੇ ਦਿਲੋਂ ਵਿਸਾਰ ਬੈਠਾ, ਕਰਨੇ ਵਾਸਤੇ ਯਾਦ ਕਰਤਾਰ ਆਯਾ
ਬੰਦੇ ਝੂਠ ਦੇ ਕਸਬ ਖਰੀਦ ਬੈਠੋਂ, ਕਰਨੇ ਵਾਸਤੇ ਸੱਚ ਦੀ ਕਾਰ ਆਯਾ
ਦੇਯਾ ਸਿੰਘ ਖਰੀਦਿਆ ਕੌਡੀਆਂ ਨੂੰ, ਖੱਟਣ ਵਾਸਤੇ ਲਾਲ ਜਵਾਹਰ ਆਯਾ

੨-ਦੂਜੇ ਸਾਲ ਦਾ ਹਵਾਲ

ਦੂਜਾ ਸਾਲ ਦਿਲਦਾਰ ਪਿਆਰਿਆ ਓਏ,ਸਾਰਾ ਬਚਪਨੇ ਵਿਚਗਵਾਇਆ ਈ
ਦੁਧ ਛੱਡਿਆ ਮਾਉਂ ਦਾ ਸ਼ੀਰ ਜਾਨੀ, ਵਿਚ ਲਾਡ ਦੇ ਵਕਤ ਵਿਹਾਇਆ ਈ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.